ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ
ਦੂਜੀ ਬਿਲਡਿੰਗ ਪੰਜਾਬ ਸਕੂਲ ਸਿੱਖਿਆ ਬੋਰਡ
ਦੂਜੀ ਮੰਜਿਲ, ਫੇਜ-8,ਐਸ.ਏ.ਐਸ.ਨਗਰ (ਮੋਹਾਲੀ), ਪੰਜਾਬ
ਫੋਨ : 0172-2262938, 2263938, ਟੈਲੀ-ਫੈਕਸ : 0172-2266938
ਪਧਾਰੋ ਜੀ : www.punjabhealth.co.in : E-mail: adswmphsc@gmail.com

ਨੰ.ਪੀ.ਐਚ.ਐਸ.ਸੀ./ਬੀ.ਐਮ.ਡਬਲਿਊ/2020/ 2176 - 2221 ਮਿਤੀ 18.06.2020
ਵੱਲ

1.ਸਮੂਹ ਸਿਵਲ ਸਰਜਨ,
2.ਮੈਡੀਕਲ ਸੁਪਰਡੈਂਟ ਐਮ.ਕੇ.ਐਚ.ਪਟਿਆਲਾ ਅਤੇ ਸਿਵਲ ਹਸਪਤਾਲ ,ਜਲੰਧਰ ।
3.ਸਮੂਹ ਡਿਪਟੀ ਮੈਡੀਕਲ ਕਮਿਸ਼ਨਰ

ਵਿਸ਼ਾ :- ਬਾਇਓ-ਮੈਡੀਕਲ ਵੇਸਟ ਮੈਨੇਜਮੈਂਟ ਰੂਲਜ, 2016 (ਸੋਧੇ ਰੂਲਜ,2018 ਅਤੇ 2019) ਦੀ ਇੰਨ-ਬਿਨ ਪਾਲਣਾ ।

ਮੇਰੇ ਧਿਆਨ ਵਿੱਚ ਲਿਆਇਆ ਗਿਆ ਹੈ ਕਿ ਬਾਇਓ-ਮੈਡੀਕਲ ਵੇਸਟ ਮੈਨੇਜਮੈਂਟ ਰੂਲਜ, 2016 (ਸੋਧੇ ਰੂਲਜ,2018 ਅਤੇ 2019) ਦੀ ਇੰਨ-ਬਿਨ ਪਾਲਣਾ ਹਰ ਹਸਪਤਾਲ ਵਿੱਚ ਕਰਨੀ ਜਰੂਰੀ ਹੈ ਤਾਂ ਜੋ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ ਹਸਪਤਾਲ ਦੇ ਕਿਸੇ ਵੀ ਅਧਿਕਾਰੀ/ਕਰਮਚਾਰੀ ਦੇ ਵਿੱਰੁਧ ਕਾਨੂੰਨੀ ਕਾਰਵਾਈ ਨਾ ਹੋਵੇ। ਇਸ ਦੇ ਸੰਬੰਧਿਤ ਟ੍ਰੇਨਿੰਗ, ਚੈਕਿੰਗ ਕਰਨਾ ਜਰੂਰੀ ਬਣਾਇਆ ਜਾਵੇ।ਇਸ ਤੋਂ ਇਲਾਵਾ ਕੋਵਿਡ-19 ਦੇ ਵੇਸਟ ਦੇ ਰੂਲਾਂ ਦੀ ਪਾਲਣਾਂ, ਸੀ.ਪੀ.ਸੀ.ਬੀ. ਵੱਲੋਂ ਬਣਾਈ ਅਪ (app) ਹਰ ਜਿਲ੍ਹੇ ਤੇ ਹਰ ਸੈਂਟਰ ਵੱਲੋ ਰਜਿਸਟ੍ਰੇਸ਼ਨ ਕੀਤੀ ਜਾਵੇ ਅਤੇ ਉਸ ਤੇ ਹਰਰੋਜ਼ ਡਾਟਾ ਅਪਡੇਸ਼ਨ ਕੀਤਾ ਜਾਵੇ ।

ਬਾਇਓ-ਮੈਡੀਕਲ ਵੇਸਟ ਮੈਨੇਜਮੈਂਟ ਰੂਲਾਂ ਦੀ ਪਾਲਣਾ ਵਿੱਚ ਕੋਈ ਵੀ ਅਣਗਹਿਲੀ ਨਹੀਂ ਆਉਣੀ ਚਾਹੀਦੀ।ਜੇਕਰ ਜਿਲ੍ਹੇ ਦਾ ਕੋਈ ਵੀ ਅਧਿਕਾਰੀ/ਕਰਮਚਾਰੀ ਰੂਲਜ ਦੀ ਉਲਘਣਾਂ ਕਰਦਾ ਹੈ ਤਾਂ ਉਸਦੀ ਪੂਰੀ ਜ਼ਿੰਮੇਵਾਰੀ ਉਸ ਜਿਲ੍ਹੇ ਦੇ ਉਚ ਅਧਿਕਾਰੀ ਦੀ ਹੋਵੇਗੀ।

ਨੱਥੀ:-ਅਨੁਲਗ ਅਨੁਸਾਰ ਪਾਲਣਾ ਕੀਤੀ ਜਾਵੇ ।

ਪ੍ਰਬੰਧਕੀ ਨਿਰਦੇਸ਼ਕ
ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ,
ਐਸ.ਏ.ਐਸ.ਨਗਰ(ਮੋਹਾਲੀ)

Scanned with CamScanner

ਅਨੁਲਗ

- **ਐਗਰੀਮੈਂਟ**-ਹਸਪਤਾਲ ਵੱਲੋ ਬਾਇਉ ਮੈਡੀਕਲ ਵੇਸਟ ਫਰਮ ਨਾਲ ਸਮੇਂ ਸਿਰ ਐਗਰੀਮੈਂਟ ਕਰਵਾਉਣ ਬਾਰੇ ।
- **ਆਥੋਰਾਈਜੇਸ਼ਨ**-ਹਸਪਤਾਲ ਵੱਲੋ ਬਾਇਉ-ਮੈਡੀਕਲ ਵੇਸਟ ਦੀ ਡਿਸਪੋਜਲ ਲਈ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਆਥੋਰਾਈਜੇਸ਼ਨ ਲਈ,ਆਥੋਰਾਈਜੇਸ਼ਨ ਖਤਮ ਹੋਣ ਤੋਂ 3 ਮਹੀਨੇ ਪਹਿਲਾਂ ਅਪਲਾਈ ਕੀਤਾ ਜਾਵੇ ਤਾਂ ਜੋ ਬਾਇਉ ਮੈਡੀਕਲ ਵੇਸਟ ਰੂਲਜ,ਮੁਤਾਬਿਕ 90 ਦਿਨਾ ਦੇ ਅੰਦਰ-2 ਹਸਪਤਾਲ ਨੂੰ ਆਥੋਰਾਈਜੇਸ਼ਨ ਮਿਲ ਸਕੇ।ਅਪਲਾਈ ਕੀਤੀ ਗਈ ਆਥੋਰਾਈਜੇਸ਼ਨ ਦੀ ਐਪਲੀਕੇਸ਼ਨ ਦੇ ਸਟੇਟਸ ਨੂੰ ਪੀ.ਪੀ.ਸੀ.ਬੀ. ਦੀ ਵੇਬ-ਸਾਇਟ ਦੇ ਲਗਾਤਾਰ ਚੈੱਕ ਕੀਤਾ ਜਾਵੇ,ਉਸ ਵਿੱਚ ਦਰਸਾਈਆਂ ਜਾ ਰਹੀਆਂ ਖਾਮੀਆਂ ਨੂੰ ਤੁਰੰਤ ਠੀਕ ਕਰਕੇ ਪੀ.ਪੀ.ਸੀ.ਬੀ.ਨੂੰ ਸੂਚਿਤ ਕੀਤਾ ਜਾਵੇ।ਜੇਕਰ ਆਥੋਰਾਈਜੇਸ਼ਨ ਈ.ਟੀ.ਪੀ. ਨਾਂ ਹੋਣ ਦੀ ਸੂਰਤ ਵਿੱਚ ਨਹੀਂ ਦਿੱਤੀ ਜਾ ਰਹੀ ਤਾਂ ਵੀ ਅਪਲਾਈ ਕੀਤਾ ਜਾਵੇ।ਈ.ਟੀ.ਪੀ. ਦਾ ਸਟੇਟਸ, ਸਟੇਟ ਵੱਲੋਂ ਪੀ.ਪੀ.ਸੀ.ਬੀ. ਨੂੰ ਦੇ ਦਿੱਤਾ ਜਾਵੇਗਾ ।
- **ਸੈਗਰੀਗੇਸ਼ਨ**-ਹਸਪਤਾਲ ਵੱਲੋ ਬਾਇਉ ਮੈਡੀਕਲ ਵੇਸਟ ਦੀ ਸੈਗਰੀਗੇਸ਼ਨ ਠੀਕ ਤਰ੍ਹਾਂ ਰੂਲਾਂ ਮੁਤਾਬਿਕ ਕਰਨਾ।
- ਬਲੱਡ ਬੈਗਜ ਜੋਕਿ ਪ੍ਰਯੋਗ ਅਤੇ ਨਾ-ਪ੍ਰਯੋਗ ਕੀਤੇ ਗਏ ਹਨ ਡਿਸਪੋਜਲ ਕਰਨ ਤੋਂ ਪਹਿਲਾਂ ਆਟੋਕਲੇਵ ਕਰਨਾ ।
- ਹਸਪਤਾਲ ਵੱਲੋਂ microbiology, bio-technology and clinical laboratory waste ਦਾ ਸਹੀ ਤਰੀਕੇ ਨਾਲ ਪ੍ਰੀ-ਟ੍ਰੀਟਮੈਂਟ ਕਰਨਾ ।
- **ਜਿਲ੍ਹਾ ਪੱਧਰੀ ਮੋਨਿਟਰਿੰਗ ਕਮੇਟੀ**- ਡੀ.ਆਈ.ਓ.ਵੱਲੋ ਜਿਲ੍ਹਾ ਪੱਧਰੀ ਮੋਨਿਟਰਿੰਗ ਕਮੇਟੀ ਦੇ ਮੈਂਬਰਾਂ ਨਾਲ ਡਿਪਟੀ ਕਮਿਸ਼ਨਰ ਜੀ ਦੀ ਪ੍ਰਧਾਨਗੀ ਹੇਠ ਹਰ ਮਹੀਨੇ ਮੀਟਿੰਗ ਕਰਵਾਈ ਜਾਵੇ ਅਤੇ ਉਸ ਦੀ ਕਾਰਵਾਈ ਰਿਪੋਰਟ ਮੁੱਖ ਦਫਤਰ ਨੂੰ ਹਰ ਮਹੀਨੇ ਨਹੀਂ ਭੇਜੀ ਜਾ ਰਹੀਂ, ਭੇਜੀ ਜਾਵੇ ਤਾਂ ਜੋ ਇਸ ਨਾਲ ਸੰਬੰਧਿਤ ਐਨ.ਜੀ.ਟੀ.ਦੀ ਕਾਰਵਾਈ ਸਹੀ ਤਰੀਕੇ ਨਾਲ ਹੋ ਸਕੇ ।
- **ਸਲਾਨਾ ਰਿਪੋਰਟ**-ਹਸਪਤਾਲ ਵੱਲੋ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਸਲਾਨਾ ਰਿਪੋਰਟ 30.06.2020 ਤੋਂ ਪਹਿਲਾਂ-2 ਭੇਜੀ ਜਾਵੇ ।
- **ਰਿਪੋਰਟਾਂ** – ਸੀਨੀਅਰ ਮੈਡੀਕਲ ਅਫਸਰ ਇੰ.ਵੱਲੋ ਬਾਇਉ ਮੈਡੀਕਲ ਵੇਸਟ ਦੀ ਮਹੀਨਾ ਵਾਰ ਰਿਪੋਰਟ, 10 ਮੈਂਬਰੀ ਕਮੇਟੀ ਵੱਲੋਂ ਹਰ 3 ਮਹੀਨੇ ਬਾਅਦ ਚੈਕਲਿਸਟ ਭੇਜੀ ਜਾਵੇ ।
- **ਟ੍ਰੇਨਿੰਗ**- ਸੀਨੀਅਰ ਮੈਡੀਕਲ ਅਫਸਰ ਇੰ. ਵੱਲੋ ਨੋਡਲ ਅਫਸਰ ਦੇ ਨਾਲ ਮਿਲ ਕੇ ਹਸਪਤਾਲ ਦੇ ਸਟਾਫ ਨੂੰ ਸਮੇਂ-2 ਸਿਰ ਬਾਇਉ ਮੈਡੀਕਲ ਵੇਸਟ ਸਬੰਧੀ ਟ੍ਰੇਨਿੰਗ ਦਿੱਤੀ ਜਾਵੇ ਅਤੇ ਰਿਕਾਰਡ ਮੇਨਟੇਨ ਕੀਤਾ ਜਾਵੇ ।
- **ਰਿਕਾਰਡ ਦੀ ਦੇਖ-ਰੇਖ**-ਨੋਡਲ ਅਫਸਰ(ਬਾਇਉ ਮੈਡੀਕਲ ਵੇਸ਼ਟ) ਵੱਲੋ ਲੋਗ (Log) ਰਜਿਸਟਰ ਨੂੰ ਸਹੀ ਢੰਗ ਨਾਲ ਮੇਨਟੇਨ ਕੀਤਾ ਜਾਵੇ ।
- ਸਮੇਂ -ਸਮੇਂ ਤੇ ਮੁੱਖ ਦਫਤਰ ਵੱਲੋਂ ਜਾਰੀ ਕੀਤੀਆਂ ਜਾ ਰਹੀਆਂ ਗਾਈਡਲਾਈਨ ਦੇ ਅਮਲ ਕੀਤਾ ਜਾਵੇ ਤਾਂ ਜੋ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ ਜਾਰੀ ਕਿਸੀ ਵੀ ਤਰ੍ਹਾਂ ਦੇ ਪਤੱਰ ਦਾ ਆਪ ਵੱਲੋ ਜਵਾਬ ਦਿੱਤਾ ਜਾ ਸਕੇ ।
- ਫਰਮਾਂ ਨੂੰ ਸਮੇਂ ਸਿਰ ਪੇਮੈਂਟ ਅਦਾ ਕੀਤੀ ਜਾਵੇ।
- ਕੋਵਿਡ-19 ਦੇ ਨਾਲ ਸੰਬੰਧਿਤ ਰਿਕਾਰਡ ਨੂੰ ਪੂਰੀ ਤਰ੍ਹਾਂ ਮੇਨਟੇਨ ਕਰਨਾ ( ਵਾਰਡ ਅਤੇ ਸੈਂਟਰ ਦੀ ਲਿਸਟ, ਬਾਇਉ ਮੈਡੀਕਲ ਵੇਸਟ ਦੀ ਕਿਨੀ ਮਾਤਰਾ ਹੋਈ, ਬੈਡਾਂ ਦੀ ਗਿਣਤੀ, ਮਰੀਜਾਂ ਦੀ ਗਿਣਤੀ, ਟ੍ਰੇਨਿੰਗ, ਵੇਬ- ਸਾਈਟ ਅਪਲੋਡ ਕਰਨਾ, ਸੀ.ਪੀ. ਸੀ.ਬੀ. ਕੋਵਿਡ ਅਪ ਦੀ ਰਜਿਸਟ੍ਰੇਸ਼ਨ ਅਤੇ ਡੇਲੀ ਅਪਡੇਸਨ )।ਇਸ ਪਤੱਰ ਦੇ ਮਿਲਣ ਤੋ 01 ਹਫਤੇ ਦੇ ਅੰਦਰ-2 ਕੋਵਿਡ-19 ਨਾਲ ਸੰਬੰਧਿਤ ਅਪਡੇਸ਼ਨ ਮੁੱਖ ਦਫਤਰ ਨੂੰ ਭੇਜੀ ਜਾਵੇ ।

Scanned with CamScanner